नामांक Roll No.

Sl.No. :

| | | | | | | |
|---|---|---|---|---|---|---|
| | | | | | | |

No. of Questions – 10
No. of Printed Pages – 07

**S-75-Punjabi (T.L.) (D&D)**

# माध्यमिक (मूक–बधिर) परीक्षा, 2020
# SECONDARY (D & D) EXAMINATION, 2020
## पंजाबी
## PUNJABI
**(THIRD LANGUAGE)**
**Time : 4¼ Hours**
**Maximum Marks : 80**

Tear here

प्रश्न पत्र को खोलने के लिए यहाँ फाड़ें
TEAR HERE TO OPEN THE QUESTION PAPER

## ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ :

1. ਪ੍ਰੀਖਿਆਰਥੀ ਸਭ ਤੋਂ ਪਹਿਲਾਂ ਆਪਣੇ ਪ੍ਰਸ਼ਨ–ਪੱਤਰ ’ਤੇ ਆਪਣਾ ਰੋਲ ਨੰਬਰ ਜ਼ਰੂਰ ਲਿਖੇ ।
2. ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।
3. ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ–ਪੁਸਤਿਕਾ ’ਤੇ ਹੀ ਲਿਖੋ ।
4. ਜਿਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਬਰਾਬਰ ਅੰਕ ਵਾਲੇ ਭਾਗ ਹਨ, ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇਕ ਥਾਂ ’ਤੇ, ਇੱਕ ਹੀ ਤਰਤੀਬ ਵਿੱਚ ਲਿਖੋ ।

यहाँ से काटिए

1) ਜੇ ਗੁਆਂਢ ਚੰਗਾ ਹੋਵੇ ਤਾਂ ਦੁੱਖ ਵੰਡੇ ਜਾਂਦੇ ਹਨ, ਸੁੱਖਾਂ ਦੀ ਘੜੀ ਚਾਰ ਗੁਣਾ ਹੋ ਜਾਂਦੀ ਹੈ। ਰਿਸ਼ਤੇਦਾਰ ਤਾਂ ਚੱਲ ਕੇ ਆਉਣਗੇ ਪਰ ਗੁਆਂਢੀ ਆਵਾਜ਼ ਮਾਰਨ 'ਤੇ ਹਾਜ਼ਰ ਹੋ ਸਕਦੇ ਹਨ। ਗੁਆਂਢ ਦੇ ਸਾਥ ਦੀ ਕੋਈ ਰੀਸ ਨਹੀਂ। ਗੁਆਂਢੀ ਨੇ ਹਮੇਸ਼ਾ ਤੁਹਾਡੇ ਜਨ-ਜੀਵਨ ਦਾ ਸਹਿ-ਪਾਤਰ ਬਣ ਕੇ ਨਿਭਣਾ ਹੁੰਦਾ ਹੈ। ਜਦੋਂ ਤੁਸੀਂ ਪੂਰੇ ਪਰਿਵਾਰ ਨਾਲ ਕਿਧਰੇ ਬਾਹਰ ਜਾ ਰਹੇ ਹੁੰਦੇ ਹੋ ਤਾਂ ਗੁਆਂਢੀ ਪੂਰੀ ਮੁਸਤੈਦੀ ਨਾਲ ਤੁਹਡੇ ਘਰ ਦੀ ਨਿਗਰਾਨੀ ਕਰ ਰਿਹਾ ਹੁੰਦਾ ਹੈ। ਆਪਣੇ ਨਿੱਤ ਦੇ ਕੰਮਾਂ-ਕਾਰਾਂ ਨੂੰ ਗੁਆਂਢੀ ਨਾਲ ਸਾਂਝਿਆਂ ਕਰਕੇ ਉਸ ਨਾਲ ਅਪਣੱਤ ਵਧਾਈ ਜਾ ਸਕਦੀ ਹੈ। ਕਈ ਵਾਰ ਗੁਆਂਢੀ ਨਾਲ ਤਕਰਾਰ ਵੀ ਹੋ ਜਾਂਦੀ ਹੈ। ਖੇਡਦੇ ਬੱਚੇ ਆਂਢ-ਗੁਆਂਢ ਦੇ ਝਗੜੇ ਦਾ ਕਾਰਨ ਬਣ ਜਾਂਦੇ ਹਨ। ਪਰ ਚੰਗਾ ਗੁਆਂਢ ਬੱਚਿਆਂ ਦੀ ਲੜਾਈ ਵਿੱਚ ਸ਼ਾਮਲ ਹੋਣ ਦੀ ਥਾਂ ਉਹਨਾਂ ਦੀ ਲੜਾਈ ਨੂੰ ਸਮਝਾ-ਬੁਝਾ ਕੇ ਸਮਾਪਤ ਕਰ ਦਿੰਦਾ ਹੈ। ਸੋ ਗੁਆਂਢੀ ਨਾਲ ਈਰਖਾ ਨਹੀਂ ਕਰਨੀ ਚਾਹੀਦੀ। ਚੰਗਾ ਗੁਆਂਢੀ ਸ਼ਾਂਤੀ ਦਾ ਦੂਤ ਬਣ ਸਕਦਾ ਹੈ।

(ੳ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ। [2]

(ਅ) ਚੰਗਾ ਗੁਆਂਢੀ ਆਪਣਾ ਸਾਥ ਕਿਵੇਂ ਨਿਭਾਉਂਦਾ ਹੈ ? [2]

(ੲ) ਚੰਗੇ ਗੁਆਂਢ ਦਾ ਕੀ-ਕੀ ਲਾਭ ਹੁੰਦਾ ਹੈ ? [2]

(ਸ) ਗੁਆਂਢੀ ਨਾਲ ਅਪਣੱਤ ਕਿਵੇਂ ਵਧਾਈ ਜਾ ਸਕਦੀ ਹੈ ? [2]

(ਹ) ਔਖੇ ਸ਼ਬਦਾਂ ਦੇ ਅਰਥ ਲਿਖੋ :- [2]

ਮੁਸਤੈਦੀ, ਅਪਣੱਤ, ਨਿਗਰਾਨੀ, ਤਕਰਾਰ।

2) ਹੇਠ ਦਿੱਤੇ ਕਿਸੇ ਇੱਕ ਵਿਸ਼ੇ ਉੱਪਰ ਨਿਬੰਧ ਰਚਨਾ ਕਰੋ :- **[10]**

(ੳ) ਵੱਧਦੀ ਆਬਾਦੀ ਇੱਕ ਸਮੱਸਿਆ

(ਅ) ਮੇਰਾ ਹਰਮਨ-ਪਿਆਰਾ ਸਰੀਰਕ ਸਿੱਖਿਆ ਅਧਿਆਪਕ (ਪੀ.ਟੀ.ਆਈ.)

(ੲ) ਕੋਈ ਇੱਕ ਤਿਉਹਾਰ

(ਸ) ਸ੍ਰੀ ਗੁਰੂ ਗੋਬਿੰਦ ਸਿੰਘ ਜੀ

3) ਆਪਣੇ ਸਕੂਲ ਦੇ ਪ੍ਰਿੰਸੀਪਲ ਸਾਹਿਬ ਨੂੰ ਆਚਰਨ ਸਰਟੀਫਿਕੇਟ ਲੈਣ ਲਈ ਬਿਨੈ-ਪੱਤਰ ਲਿਖੋ । **[1 + 3 + 1 = 5]**

(ਜਾਂ)

ਆਪਣੇ ਮਿੱਤਰ / ਸਹੇਲੀ ਨੂੰ ਉਸ ਦੇ ਦਸਵੀਂ ਜਮਾਤ ਵਿੱਚੋਂ ਚੰਗੇ ਨੰਬਰ ਲੈ ਕੇ ਪਾਸ ਹੋਣ'ਤੇ ਵਧਾਈ - ਪਤੱਰ ਲਿਖੋ ।

4) (ੳ) 'ਮਲਵਈ' ਉਪਭਾਸ਼ਾ ਕਿਹੜੇ-ਕਿਹੜੇ ਖੇਤਰਾਂ ਵਿੱਚ ਬੋਲੀ ਜਾਂਦੀ ਹੈ ? **[2]**

(ਅ) ਪੰਜਾਬੀ ਸਵਰ-ਧੁਨੀਆਂ ਦੀ ਪ੍ਰੀਭਾਸ਼ਾ ਲਿਖੋ । **[2]**

(ੲ) ਬਿੰਦੀ ਕਿਹੜੀ-ਕਿਹੜੀ ਲਗ ਨਾਲ ਲੱਗਦੀ ਹੈ, ਉਦਾਰਹਨਾਂ ਸਹਿਤ ਦੱਸੋ । **[2]**

5) (ੳ) ਵਿਰੋਧੀ ਸ਼ਬਦ ਲਿਖੋ (ਕੋਈ ਤਿੰਨ ਸ਼ਬਦ) [3]

ਭੁੱਖਾ, ਅਕ੍ਰਿਤਘਣ, ਸੁੱਖ, ਨੇਕੀ, ਬਰੀਕ ।

(ਅ) ਕਿਸੇ ਤਿੰਨ ਸ਼ਬਦਾਂ ਦੇ ਦੋ-ਦੋ ਸਮਾਨਾਰਥਕ ਸ਼ਬਦ ਲਿਖੋ । [3]

ਉਪਕਾਰ, ਆਦਰ, ਬਹਾਦਰ, ਹੁਸ਼ਿਆਰ, ਖ਼ੁਸ਼ੀ ।

(ੲ) ਕਿਸੇ ਤਿੰਨ ਸ਼ਬਦਾਂ ਦੇ ਦੋ-ਦੋ ਬਹੁਅਰਥਕ ਸ਼ਬਦ ਲਿਖ ਕੇ ਵਾਕ ਬਣਾਉ । [3]

ਸਰ, ਚੱਕ, ਵੇਲ, ਲੜ, ਵਾਰ ।

6) ਹੇਠ ਲਿਖੇ ਕਿਸੇ ਇੱਕ ਕਾਵਿ-ਬੰਦ ਨਾਲ ਸੰਬੰਧਿਤ ਪ੍ਰਸ਼ਨਾਂ ਦੇ ਉੱਤਰ ਲਿਖੋ :-

[4 × 2½ = 10]

(ੳ) ਸੱਚਿਆਂ ਨੂੰ ਹੁਣ ਮਿਲਕੇ ਧੱਕੇ, ਝੂਠੇ ਕੋਲ ਬਹਾਏ ।
ਇਰਾਕੀਆਂ ਨੂੰ ਪਏ ਚਾਬਕ ਪੈਂਦੇ, ਗੱਦੋਂ ਖ਼ੂਕ ਖਵਾਏ ।
ਕਾਉਂ ਲਗੜ ਨੂੰ ਮਾਰਨ ਲੱਗੇ, ਚਿੜੀਆਂ ਜੁੱਗੇ ਖਾਏ ।

i) ਉਪਰੋਕਤ ਕਾਵਿ - ਬੰਦ ਦਾ ਪ੍ਰਸੰਗ ਲਿਖੋ ।

ii) ਉਪਰੋਕਤ ਕਾਵਿ - ਬੰਦ ਦੀ ਸਰਲ ਵਿਅਖਿਆ ਲਿਖੋ ।

iii) ਕਵੀ ਅਨੁਸਾਰ ਧੱਕੇ ਕਿੰਨ੍ਹਾਂ ਨੂੰ ਅਤੇ ਕੋਲ ਕਿੰਨ੍ਹਾਂ ਨੂੰ ਬਿਠਾਇਆ ਜਾਣ ਲੱਗਾ ਸੀ ?

iv) ਔਖੇ ਸ਼ਬਦਾਂ ਦੇ ਅਰਥ ਲਿਖੋ ।

ਚਾਬਕ, ਗੱਦੋਂ, ਖ਼ੂਦ, ਜੁੱਗ, ਕਾਉਂ ।

ਜਾਂ

(ਅ) ਮਾਂ ਵਰਗਾ ਘਣ-ਛਾਂਵਾਂ ਬੂਟਾ, ਮੈਨੂੰ ਨਜ਼ਰ ਨਾ ਆਏ ।

ਲੈ ਕੇ ਜਿਸ ਤੋਂ ਛਾਂ ਉਧਾਰੀ, ਰੱਬ ਨੇ ਸੁਰਗ ਬਣਾਏ ।

ਬਾਕੀ ਕੁੱਲ ਦੁਨੀਆਂ ਦੇ ਬੂਟੇ, ਜੜ੍ਹ ਸੁੱਕਿਆਂ ਮੁਰਝਾਂਦੇ ।

ਐਪਰ ਫੁੱਲਾਂ ਦੇ ਮੁਰਝਾਇਆਂ, ਇਹ ਬੂਟਾ ਸੁਕ ਜਾਏ ।

i) ਉਪਰੋਕਤ ਕਾਵਿ-ਬੰਦ ਦਾ ਪ੍ਰਸੰਗ ਲਿਖੋ ।

ii) ਉਪਰੋਕਤ ਕਾਵਿ-ਬੰਦ ਦੀ ਸਰਲ ਵਿਆਖਿਆ ਕਰੋ ।

iii) ਸੁਰਗ ਬਣਾਉਣ ਵੇਲੇ ਰੱਬ ਨੂੰ ਛਾਂ ਕਿਸ ਕੋਲੋਂ ਉਧਾਰੀ ਲੈਣੀ ਪਾਈ ?

iv) ਔਖੇ ਸ਼ਬਦਾਂ ਦੇ ਅਰਥ ਲਿਖੋ :-

ਘਣ-ਛਾਂਵਾਂ, ਨਜ਼ਰ, ਦੁਨੀਆਂ, ਮੁਰਝਾਇਆਂ, ਸੁਰਗ ।

7) ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਦੇ ਉੱਤਰ ਲਿਖੋ :- **[2 × 5 = 10]**

(ੳ) ਗਗਨ ਮੈ ਥਾਲੁ (ਆਰਤੀ) ਸ਼ਬਦ ਵਿੱਚ ਪ੍ਰਗਟ ਕੀਤੇ ਗਏ ਵਿਚਾਰਾਂ ਦਾ ਸਾਰ ਲਿਖੋ ।

(ਅ) ਮੀਆਂ ਵਜੀਦ ਦੇ ਕਿਹੜੇ ਸਲੋਕਾਂ ਵਿੱਚ ਹੰਕਾਰੀ ਮਨੁੱਖਾਂ ਦੀ ਦੁਰਦਸ਼ਾ ਦੇ ਇਤਿਹਾਸਿਕ ਹਵਾਲਿਆਂ ਦਾ ਚਿਤਰਨ ਹੈ ? ਵਰਨਣ ਕਰੋ ।

(ੲ) 'ਅੱਜ ਆਖਾਂ ਵਾਰਿਸ ਸ਼ਾਹ ਨੂੰ' ਕਵਿਤਾ ਦਾ ਸੰਖੇਪ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ।

(ਸ) 'ਸੁੰਨੇ ਸੁੰਨੇ ਰਾਹਾਂ ਵਿੱਚ' ਕਵਿਤਾ 'ਚ ਪ੍ਰਗਟ ਕੀਤੇ ਗਏ ਵਿਚਾਰਾਂ ਨੂੰ ਵਿਸਥਾਰ ਵਿੱਚ ਲਿਖੋ ।

8) ਹੇਠ ਲਿਖੇ ਕਿਸੇ ਪੰਜ ਪ੍ਰਸ਼ਨਾਂ ਦੇ ਉੱਤਰ ਲਿਖੋ :- [5 × 2 = 10]

(ੳ) ਗੰਗਾਦੀਨ ਦੀ ਮਾੜੀ ਮਾਲੀ ਹਾਲਤ ਲਈ ਕੌਣ ਜ਼ਿੰਮੇਵਾਰ ਸੀ ? ਤੇ ਕਿਉਂ ?

(ਅ) ਮਿਲਖਾ ਸਿੰਘ ਨੂੰ 'ਫ਼ਲਾਇੰਗ ਸਿੱਖ' ਦੀ ਉਪਾਧੀ ਕਦੋਂ ਤੇ ਕਿਵੇਂ ਪ੍ਰਾਪਤ ਹੋਈ ਸੀ ?

(ੲ) 'ਰਾਜਸਥਾਨ ਦੇ ਪ੍ਰਸਿੱਧ ਕਿਲ੍ਹੇ' ਨਿਬੰਧ ਦਾ ਲੇਖਕ ਕੌਣ ਹੈ ਅਤੇ ਰਾਜਸਥਾਨ ਦੇ ਭਾਟੀ ਰਾਜਪੂਤਾਂ ਨਾਲ ਸੰਬੰਧਿਤ ਕਿਲ੍ਹੇ ਉੱਪਰ ਟਿੱਪਣੀ ਲਿਖੋ ।

(ਸ) ਭਾਈ ਮਰਦਾਨਾ ਜੀ ਦੇ ਪੁੱਤਰ ਨੂੰ ਗੁਰੂ ਜੀ ਨੇ ਕੀ ਅਸ਼ੀਰਵਾਦ ਦਿੱਤਾ ?

(ਹ) ਲੇਖਕ ਦੀ ਮਾਂ ਡਰ ਹਟਾਉਣ ਲਈ ਉਹਨਾਂ ਨੂੰ ਮਾਮੇ ਦੀ ਕਿਹੜੀ ਗੱਲ ਸੁਣਾਉਂਦੀ ਹੁੰਦੀ ਸੀ ? (ਪੇਸ਼ੀ ਦੇ ਨਿਆਣੇ)

(ਕ) "ਉੱਤੇ ਬਗਲੇ ਨ੍ਹਾਉਂਦੇ ਰਹੇ ਅਤੇ ਹੇਠਾਂ ਲਾਲ ਨਹਾਉਂਦਾ ਰਿਹਾ" ।

ਪਿੰਡ ਦੇ ਲੋਕ ਇਹ ਕਿਉਂ ਕਹਿੰਦੇ ਫਿਰਦੇ ਸਨ ?

(ਖ) ਸੌਣਪੁਰੇ ਜਾ ਰਹੇ ਕਰਤਾਰੇ ਦੇ ਮਨ 'ਚ ਕਿਹੜੇ-ਕਿਹੜੇ ਖ਼ਿਆਲ ਆ ਰਹੇ ਸਨ ?

(ਗ) 'ਦੁੱਧ ਦਾ ਛੱਪੜ' ਕਹਾਣੀ ਦਾ ਲੇਖਕ ਕੌਣ ਹੈ ?

ਪਹਿਲਾਂ ਹੀ ਚੋਈ ਜਾ ਚੁੱਕੀ ਮੱਝ ਦਾ ਪਰਦਾ ਰੱਖਣ ਲਈ ਲਾਲ ਨੂੰ ਕੀ ਫ਼ੁਰਨਾ ਫੁਰਿਆ ?

9) 'ਮਹਾਰਾਜਾ ਗੰਗਾ ਸਿੰਘ' ਨਿਬੰਧ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ । [5]

ਜਾਂ

"ਸੁੱਚੀ ਕਿਰਤ ਜ਼ਰੂਰ ਰੱਬ ਦੀ ਪੂਜਾ ਹੈ"। ਸਪੱਸ਼ਟ ਕਰੋ ।

10) 'ਪਹੁਤਾ ਪਾਂਧੀ' ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ । [5]

ਜਾਂ

'ਕਪੂਰ ਸਿੰਘ' ਦੀ ਪਾਤਰ ਉਸਾਰੀ ਕਰੋ । (ਸਾਂਝੀ ਕੰਧ)

● ● ●

DO NOT WRITE ANYTHING HERE